## ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨ 'ਤੇ
## ਮੌਜੂਦਾ ਅਤੇ ਯੋਜਨਾਬੱਧ ਉਪਾਅ

### ਪ੍ਰਤਿਭਾਸ਼ਾਲੀ ਸਿੱਖਿਆ ਲਈ ਹਾਂਗਕਾਂਗ ਅਕੈਡਮੀ (ਦਿ ਹਾਂਗਕਾਂਗ ਅਕੈਡਮੀ ਫਾਰ ਗਿਫਟਡ ਐਜੂਕੇਸ਼ਨ)

ਹਾਂਗਕਾਂਗ ਅਕੈਡਮੀ ਫਾਰ ਗਿਫਟਿਡ ਐਜੂਕੇਸ਼ਨ ਲਿਮਟਿਡ (ਐਜੂਕੇਸ਼ਨ ਆਰਡੀਨੈਂਸ ਦੇ ਤਹਿਤ 'ਦਿ ਹਾਂਗਕਾਂਗ ਅਕੈਡਮੀ ਫਾਰ ਗਿਫਟਿਡ ਐਜੂਕੇਸ਼ਨ' ਵਜੋਂ ਪੰਜੀਕਿਰਤ) (HKAGE) ਨੂੰ 2007 ਵਿੱਚ ਸਥਾਪਤ ਕੀਤਾ ਗਿਆ ਸੀ ਅਤੇ 2017 ਵਿੱਚ ਇੱਕ ਮਨਜ਼ੂਰਸ਼ੁਦਾ (ਸਬਵੈਂਸ਼ਨ) ਸੰਸਥਾ ਬਣ ਗਈ ਸੀ। HKAGE ਦਾ ਉਦੇਸ਼ ਰਣਨੀਤਕ ਯੋਜਨਾਬੰਦੀ ਅਤੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਉਤਸ਼ਾਹਿਤ ਅਤੇ ਪਾਲਣ-ਪੋਸ਼ਣ ਕਰਨ ਲਈ ਅਤੇ ਉਹਨਾਂ ਦੇ ਅਧਿਆਪਕਾਂ ਅਤੇ ਮਾਪਿਆਂ ਦੇ ਨਾਲ-ਨਾਲ ਹਾਂਗਕਾਂਗ SAR ਦੇ ਅੰਦਰ ਹੋਰ ਖੋਜਕਾਰਾਂ ਅਤੇ ਸਬੰਧਿਤ ਸੰਸਥਾਵਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਢੁਕਵੇਂ ਪ੍ਰੋਗਰਾਮਾਂ ਦੀ ਅਦਾਇਗੀ ਲਈ ਇੱਕ ਅਸਰਦਾਰ ਢਾਂਚੇ ਦੇ ਨਾਲ ਆਪਣੀ ਕਿਸਮ ਦਾ ਇੱਕ ਖੇਤਰੀ ਕੇਂਦਰ ਬਣਨਾ ਹੈ।

| | |
|---|---|
| ਸਬੰਧਿਤ ਸੇਵਾਵਾਂ | • HKAGE 10 ਤੋਂ 18 ਸਾਲ ਦੀ ਉਮਰ ਦੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਲਈ ਸਕੂਲ ਬੰਦ ਹੋਣ ਦੌਰਾਨ (ਆਫ-ਸਕੂਲ-ਸਾਈਟ) ਸਿੱਖਣ ਦੇ ਮੌਕੇ ਪ੍ਰਦਾਨ ਕਰਦਾ ਹੈ ਜੋ ਉਹਨਾਂ ਨੂੰ ਲੀਡਰਸ਼ਿਪ, ਸਿਰਜਣਾਤਮਕਤਾ ਅਤੇ ਅੰਤਰ-ਵਿਅਕਤੀਗਤ ਹੁਨਰ, ਗਣਿਤ, ਵਿਗਿਆਨ, ਮਾਨਵਤਾ, ਆਦਿ ਸਮੇਤ ਵੱਖ ਵੱਖ ਕਾਰਜ ਖੇਤਰਾਂ ਵਿੱਚ ਆਪਣੀ ਸਮਰੱਥਾ ਤੱਕ ਪਹੁੰਚਣ ਲਈ ਅਤੇ ਸਮੁੱਚੇ-ਵਿਅਕਤੀ ਵਿਕਾਸ ਅਤੇ ਭਾਈਚਾਰੇ ਪ੍ਰਤੀ ਵਚਨਬੱਧਤਾ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤੇ ਗਏ ਹਨ।<br><br>• HKAGE ਮਾਪਿਆਂ, ਅਧਿਆਪਕਾਂ ਅਤੇ ਸਮਾਜ ਸੇਵਕਾਂ ਨੂੰ ਸਲਾਹ-ਮਸ਼ਵਰਾ ਅਤੇ ਮਾਰਗ ਦਰਸ਼ਨ ਪ੍ਰਦਾਨ ਕਰਦਾ ਹੈ, ਅਤੇ ਨਾਲ ਹੀ ਨਾਲ ਵਿਸ਼ੇਸ਼ ਖੇਤਰਾਂ ਵਿਚਲੇ ਅਧਿਆਪਕਾਂ ਲਈ ਸਿਖਲਾਈ ਕੋਰਸ ਵੀ ਪ੍ਰਦਾਨ ਕਰਦਾ ਹੈ।<br><br>• ਇਸ ਤੋਂ ਇਲਾਵਾ, HKAGE ਹਾਂਗਕਾਂਗ ਵਿੱਚ ਪ੍ਰਤਿਭਾਸ਼ਾਲੀ ਸਿੱਖਿਆ ਵਿੱਚ ਟਿਕਾਊ ਵਿਕਾਸ ਅਤੇ ਗਿਆਨ ਦੀ ਤਰੱਕੀ ਲਈ ਅਨੁਕੂਲ ਖੋਜ ਅਤੇ ਵਿਕਾਸ ਦਾ ਸੰਚਾਲਨ ਕਰੇਗਾ। |
| ਮੌਜੂਦਾ ਉਪਾਅ | • HKAGE ਆਪਣੀਆਂ ਸੇਵਾਵਾਂ ਜਿਵੇਂ ਕਿ ਵਿਦਿਆਰਥੀਆਂ, ਮਾਪਿਆਂ ਅਤੇ ਹੋਰ ਹਿੱਤ-ਧਾਰਕਾਂ ਲਈ ਪ੍ਰੋਗਰਾਮ ਅਤੇ ਕੋਰਸ ਦੀ ਸੁਵਿਧਾ ਲਈ ਚੀਨੀ ਅਤੇ ਅੰਗਰੇਜ਼ੀ ਦੀ ਵਰਤੋਂ ਕਰਦਾ ਹੈ। |

- ਸਾਡੀਆਂ ਸੇਵਾਵਾਂ ਬਾਰੇ ਜਾਣਕਾਰੀ HKAGE ਦੀ ਵੈੱਬਸਾਈਟ 'ਤੇ ਚੀਨੀ ਅਤੇ ਅੰਗਰੇਜ਼ੀ ਦੋਨਾਂ ਭਾਸ਼ਾਵਾਂ ਵਿੱਚ ਉਪਲਬਧ ਹੈ।

- ਨਾਮਜ਼ਦਗੀ ਫਾਰਮ ਅਤੇ ਹੋਰ ਫਾਰਮ ਅਤੇ ਜਾਣਕਾਰੀ ਲੀਫ਼ਲੈੱਟ ਚੀਨੀ ਅਤੇ ਅੰਗਰੇਜ਼ੀ ਦੋਨਾਂ ਭਾਸ਼ਾਵਾਂ ਵਿੱਚ ਜਨਤਾ ਲਈ ਉਪਲਬਧ ਹਨ।

- HKAGE ਨੇ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਨੂੰ ਖਤਮ ਕਰਨ ਲਈ ਸਮਾਨ ਮੌਕੇ ਅਤੇ ਜਿਨਸੀ ਪਰੇਸ਼ਾਨੀ ਦੀ ਰੋਕਥਾਮ ਬਾਰੇ ਦਿਸ਼ਾ-ਨਿਰਦੇਸ਼ ਸਥਾਪਿਤ ਕੀਤੇ ਹਨ। HKAGE ਇਹ ਸੁਨਿਸ਼ਚਿਤ ਕਰਦਾ ਹੈ ਕਿ ਵਿਭਿੰਨ ਨਸਲਾਂ ਦੇ ਸਾਰੇ ਸੇਵਾ ਉਪਭੋਗਤਾਵਾਂ ਕੋਲ ਸਾਡੀਆਂ ਸੇਵਾਵਾਂ ਤੱਕ ਪਹੁੰਚ ਕਰਨ ਅਤੇ ਇਹਨਾਂ ਦੀ ਵਰਤੋਂ ਕਰਨ ਦਾ ਸਮਾਨ ਅਵਸਰ ਹੋਵੇ।

- CHEER (ਘੱਟ ਗਿਣਤੀ ਨਿਵਾਸੀਆਂ ਦੀ ਤੱਰਕੀ ਅਤੇ ਵਾਧੇ ਲਈ ਕੇਂਦਰ) ਦੁਆਰਾ ਪ੍ਰਦਾਨ ਕੀਤੀਆਂ ਗਈਆਂ ਭਾਸ਼ਾ ਸੇਵਾਵਾਂ ਦੀ ਉਪਲਬਧਤਾ ਦਾ ਪ੍ਰਚਾਰ ਕਰਨ ਲਈ ਲਾਬੀ ਵਿੱਚ ਇੱਕ ਪੋਸਟਰ ਲਗਾਇਆ ਗਿਆ ਹੈ।

ਭਵਿੱਖ ਦੇ ਕੰਮ ਦਾ ਮੁਲਾਂਕਣ

- ਜਿਵੇਂ ਵੀ ਉਚਿਤ ਹੋਵੇ, ਕੀਤੇ ਜਾਣ ਵਾਲੇ ਸੁਧਾਰਾਂ ਲਈ ਸਾਡੀਆਂ ਸੇਵਾਵਾਂ ਦੀ ਸਮੀਖਿਆ ਦਾ ਸੰਚਾਲਨ ਤਿਮਾਹੀ ਕੀਤਾ ਜਾਵੇਗਾ।

- ਸਾਡੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਵਿੱਚ ਲਗਾਤਾਰ ਸੁਧਾਰ ਲਈ ਵਿਦਿਆਰਥੀਆਂ ਅਤੇ ਮਾਪਿਆਂ ਜਾਂ ਕਿਸੇ ਵੀ ਹਿੱਤ-ਧਾਰਕਾਂ ਵੱਲੋਂ ਮਿਲੇ ਫੀਡਬੈਕ ਜਾਂ ਸੁਝਾਵਾਂ 'ਤੇ ਵਿਚਾਰ ਕੀਤਾ ਜਾਵੇਗਾ।

ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ

- ਜੇ ਮਾਪਿਆਂ ਨੂੰ ਸਹਾਇਤਾ ਦੀ ਲੋੜ ਪੈਂਦੀ ਹੈ, ਤਾਂ HKAGE ਸਹਾਇਤਾ ਲਈ ਉਹਨਾਂ ਦੇ ਬੱਚਿਆਂ ਦੇ ਸਕੂਲਾਂ ਨਾਲ ਤਾਲਮੇਲ ਕਰੇਗਾ।

- ਫਰੰਟ-ਲਾਈਨ ਸਟਾਫ ਨੂੰ CHEER ਵੱਲੋਂ ਤਿਆਰ ਕੀਤਾ ਭਾਸ਼ਾ ਪਛਾਣ ਕਾਰਡ ਪ੍ਰਦਾਨ ਕੀਤਾ ਜਾਵੇਗਾ ਤਾਂ ਜੋ ਲੋੜ ਪੈਣ 'ਤੇ ਵਿਭਿੰਨ ਨਸਲਾਂ ਦੇ ਬਿਨੈਕਾਰਾਂ ਨਾਲ ਸੰਚਾਰ ਨੂੰ ਸੁਵਿਧਾਜਨਕ ਬਣਾਇਆ ਜਾ ਸਕੇ।

ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨ ਦੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਨਾਲ ਸਬੰਧਿਤ ਪੁੱਛ-ਗਿੱਛ ਲਈ, ਕਿਰਪਾ ਕਰਕੇ, ਕਾਰਪੋਰੇਟ ਸਰਵਿਸਜ਼ ਡਿਵੀਜ਼ਨ ਦੀ ਮੁਖੀ ਸ੍ਰੀਮਤੀ ਗਰੇਸ ਹੁਈ (Ms Grace HUI) ਨਾਲ ਹੇਠ ਦਿੱਤੇ ਮਾਧਿਅਮਾਂ ਰਾਹੀਂ ਸੰਪਰਕ ਕਰੋ:


| | | |
|---|---|---|
| ਟੈਲੀਫੋਨ ਨੰ. | : | (852) 3940 0501 |
| ਫੈਕਸ ਨੰ. | : | (852) 3940 0201 |
| ਈਮੇਲ | : | academy@hkage.org.hk |
| ਡਾਕ ਲਈ ਪਤਾ | : | The Hong Kong Academy for Gifted Education<br>Sha Kok Estate,<br>Shatin,<br>New Territories,<br>Hong Kong. |


**ਦਿ ਹਾਂਗਕਾਂਗ ਅਕੈਡਮੀ ਫਾਰ ਗਿਫਟਡ ਐਜੂਕੇਸ਼ਨ**
**(The Hong Kong Academy for Gifted Education)**
**ਜੂਨ 2022**